Sus preguntas sobre COVID

# 2022 ਵਿੱਚ ਕੋਵਿਡ-19 ਲਈ ਟੈਸਟ ਕਰਵਾਉਣਾ

## ਕੀ ਮੈਨੂੰ ਅਜੇ ਵੀ 2022 ਵਿੱਚ ਕੋਵਿਡ-19 ਲਈ ਟੈਸਟ ਕਰਵਾਉਣਾ ਚਾਹੀਦਾ ਹੈ?

- ਕੀ ਤੁਹਾਨੂੰ ਕੋਵਿਡ-19 ਹੈ? ਇਸ ਗੱਲ ਦੀ ਪੁਸ਼ਟੀ ਕਰਨ ਦਾ ਇੱਕੋ ਇੱਕ ਤਰੀਕਾ ਹੈ ਟੈਸਟ ਕਰਵਾਉਣਾ। ਤੁਹਾਡੇ ਪਰਿਵਾਰ, ਤੁਹਾਡੇ ਭਾਈਚਾਰੇ ਦੀ ਰੱਖਿਆ ਕਰਨ ਅਤੇ ਵਿਗਿਆਨੀਆਂ ਨੂੰ ਮਹਾਮਾਰੀ ਦੇ ਫੈਲਣ ਬਾਰੇ ਸਹੀ ਡੇਟਾ ਦੇਣ ਲਈ ਤੁਹਾਡੇ ਸੰਕਰਮਿਤ ਹੋਣ ਬਾਰੇ ਪਤਾ ਕਰਨਾ ਮਹੱਤਵਪੂਰਨ ਹੈ।
- ਟੈਸਟਿੰਗ ਵਾਇਰਸ ਦੇ ਫੈਲਣ ਨੂੰ ਘਟਾਉਣ ਵਿੱਚ ਮਦਦ ਕਰਦੀ ਹੈ। ਜਦੋਂ ਕੋਈ ਕੋਵਿਡ-19 ਲਈ ਪਾਜ਼ਿਟਿਵ ਪਾਇਆ ਜਾਂਦਾ ਹੈ, ਤਾਂ ਉਸਨੂੰ ਘਰ ਜਾਂ, ਜੇ ਲੋੜ ਹੋਵੇ, ਹਸਪਤਾਲ ਵਿੱਚ ਆਈਸੋਲੇਟ ਕੀਤਾ ਜਾ ਸਕਦਾ ਹੈ।

## ਜੇਕਰ ਮੈਨੂੰ ਇਹ ਲੱਛਣ ਦਿਖਾਈ ਦਿੰਦੇ ਹਨ ਤਾਂ ਮੈਨੂੰ ਕਦੋਂ ਟੈਸਟ ਕਰਵਾਉਣਾ ਚਾਹੀਦਾ ਹੈ?

- ਬੁਖਾਰ ਜਾਂ ਠੰਢ ਲੱਗਣਾ
- ਖੰਘ
- ਗੰਧ ਜਾਂ ਸੁਆਦ ਨਾ ਆਉਣਾ
- ਸਾਹ ਲੈਣ ਵਿੱਚ ਮੁਸ਼ਕਲ
- ਗਲੇ ਵਿੱਚ ਖਰਾਸ਼
- ਭੁੱਖ ਦੀ ਕਮੀ
- ਨੱਕ ਵਗਦਾ
- ਛਿੱਕਾਂ
- ਬਹੁਤ ਜ਼ਿਆਦਾ ਥਕਾਵਟ
- ਸਿਰ ਦਰਦ
- ਸਰੀਰ ਵਿੱਚ ਦਰਦ
- ਮਤਲੀ ਜਾਂ ਉਲਟੀਆਂ
- ਦਸਤ

ਜੇ ਤੁਸੀਂ ਆਪਣੇ ਲੱਛਣਾਂ ਬਾਰੇ ਸੁਨਿਸ਼ਚਿਤ ਨਹੀਂ ਹੋ, ਤਾਂ ਆਪਣੀ ਸਥਾਨਕ ਜਨਤਕ ਸਿਹਤ ਸੇਵਾ ਲਾਈਨ ਨੂੰ ਕਾਲ ਕਰੋ।

## ਮੈਂ ਕਿੱਥੇ ਟੈਸਟ ਕਰਵਾ ਸਕਦਾ/ਸਕਦੀ ਹਾਂ?

- ਅਲਬਰਟਾ
- ਬ੍ਰਿਟਿਸ਼ ਕੋਲੰਬਿਆ
- ਮੈਨੀਟੋਬਾ
- ਨਿਊ ਬਰੰਸਵਿਕ
- ਨਿਊਫਾਊਂਡਲੈਂਡ ਅਤੇ ਲੈਬਰਾਡੋਰ
- ਉੱਤਰ ਪੱਛਮੀ ਪ੍ਰਦੇਸ਼
- ਨੋਵਾ ਸਕੋਸ਼ੀਆ
- ਨੁਨਾਵੁਤ
- ਓਂਟਾਰੀਓ
- ਪ੍ਰਿੰਸ ਐਡਵਰਡ ਆਈਲੈਂਡ
- ਕਿਊਬਿਕ
- ਸਸਕੈਚਵਨ
- ਯੂਕੋਨ

ਇਸ ਸਮੱਗਰੀ ਦਾ ਉਦੇਸ਼ ਪੇਸ਼ੇਵਰ ਸਲਾਹ ਜਾਂ ਦੇਖਭਾਲ ਦਾ ਬਦਲ ਬਣਨਾ ਨਹੀਂ ਹੈ। ਆਪਣੇ ਸਵਾਲਾਂ ਦੇ ਜਵਾਬ ਲਈ ਹਮੇਸ਼ਾ ਕਿਸੇ ਮੈਡੀਕਲ ਪੇਸ਼ੇਵਰ ਜਾਂ ਹੋਰ ਯੋਗਤਾ ਪ੍ਰਾਪਤ ਸਿਹਤ ਪ੍ਰਦਾਤਾ ਦੀਆਂ ਸੇਵਾਵਾਂ ਲਓ।

*Financial contribution from*
*Avec le financement de*
Public Health Agency of Canada / Agence de la santé publique du Canada

Metropolis Institute - Institut

MedComm (ਮੈਕਗਿਲ ਮੈਡੀਕਲ ਸਟੂਡੈਂਟਸ ਸੁਸਾਇਟੀ ਦਾ ਇੱਕ ਆਊਟਰੀਚ ਕਲੱਬ) ਦੁਆਰਾ ਪ੍ਰਮਾਣਿਤ।

Vaccine Uptake Network · Réseau Adhésion Vaccination

**ਕੀ ਤੁਸੀਂ ਹੋਰ ਜਾਣਨਾ ਚਾਹੁੰਦੇ ਹੋ**?
ਹੇਠਾਂ ਦਿੱਤੇ ਲਿੰਕਾਂ ਤੋਂ ਤੁਸੀਂ ਕੋਵਿਡ-19 ਟੈਸਟਿੰਗ ਬਾਰੇ ਹੋਰ ਜਾਣ ਸਕਦੇ ਹੋ:
Public Health Agency of Canada, 'Symptoms and Testing' (ਫਰਵਰੀ 2022)
BC centre for disease control, 'When to get a COVID-19 test' (ਮਾਰਚ 2022)